ਮਿੱਠੇ ਬੱਚੇ:- ਤੁਸੀਂ ਦੇਹ ਅਭਿਮਾਨ ਦਾ ਦਵਾਰ ਬੰਦ ਕਰ ਦਵੋ ਤਾਂ ਮਾਯਾ ਦੇ ਤੂਫ਼ਾਨ ਆਉਣੇ ਬੰਦ ਹੋ ਜਾਣਗੇ "

ਪ੍ਰਸ਼ਨ:- ਜਿਨ੍ਹਾਂ ਬੱਚਿਆਂ ਦੀ ਵਿਸ਼ਾਲ ਬੁੱਧੀ ਹੈ, ਉਨ੍ਹਾਂ ਦੀਆਂ ਨਿਸ਼ਾਨੀਆਂ ਸੁਣਾਓ!

ਉੱਤਰ:- ਉਨ੍ਹਾਂਨੂੰ ਸਾਰਾ ਦਿਨ ਸਰਵਿਸ ਦੇ ਹੀ ਖਿਆਲ ਚਲਦੇ ਰਹਿਣਗੇ। 2.ਉਹ ਸਰਵਿਸ ਦੇ ਬਿਨਾਂ ਰਹਿ ਨਹੀਂ ਸਕਣਗੇ। 3. ਉਨ੍ਹਾਂ ਦੀ ਬੁੱਧੀ ਵਿੱਚ ਰਹੇਗਾ ਕੀ ਕਿਵੇਂ ਸਾਰੇ ਵਿਸ਼ਵ ਵਿੱਚ ਘੇਰਾਵ ਪਾ ਕੇ ਸਭਨੂੰ ਪਤਿਤ ਤੋਂ ਪਾਵਨ ਬਣਾਈਏ। ਉਹ ਵਿਸ਼ਵ ਨੂੰ ਦੁਖਧਾਮ ਤੋਂ ਸੁਖਧਾਮ ਬਨਾਉਣ ਦੀ ਸੇਵਾ ਕਰਦੇ ਰਹਿਣਗੇ। 4. ਉਹ ਬਹੁਤਿਆਂ ਨੂੰ ਆਪਣੇ ਵਰਗਾ ਬਣਾਉਂਦੇ ਰਹਿਣਗੇ।

ਓਮ ਸ਼ਾਂਤੀ। ਰੂਹਾਨੀ ਬਾਪ ਮਿੱਠੇ - ਮਿੱਠੇ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ, ਬੱਚੇ ਆਪਣੇ ਨੂੰ ਆਤਮਾ ਸਮਝ ਮੈਨੂੰ ਬਾਪ ਨੂੰ ਯਾਦ ਕਰੋ ਤਾਂ ਤੁਹਾਡੇ ਸਭ ਦੁਖ ਸਦਾ ਦੇ ਲਈ ਮਿਟ ਜਾਣਗੇ। ਆਪਣੇ ਨੂੰ ਆਤਮਾ ਸਮਝ ਸਭ ਨੂੰ ਭਾਈ - ਭਾਈ ਦੀ ਨਜ਼ਰ ਨਾਲ ਵੇਖੋ ਤਾਂ ਫਿਰ ਦੇਹ ਦੀ ਦ੍ਰਿਸ਼ਟੀ ਵ੍ਰਿਤੀ ਬਦਲ ਜਾਵੇਗੀ। ਬਾਪ ਵੀ ਅਸ਼ਰੀਰੀ ਹੈ, ਤੁਸੀਂ ਆਤਮਾ ਵੀ ਅਸ਼ਰੀਰੀ ਹੋ। ਬਾਪ ਆਤਮਾਵਾਂ ਨੂੰ ਹੀ ਵੇਖਦੇ ਹਨ, ਸਭ ਅਕਾਲਤਖ਼ਤ ਤੇ ਵਿਰਾਜਮਾਨ ਆਤਮਾਵਾਂ ਹਨ। ਤੁਸੀਂ ਵੀ ਆਤਮਾ ਭਾਈ - ਭਾਈ ਦੀ ਨਜ਼ਰ ਨਾਲ ਵੇਖੋ, ਇਸ ਵਿੱਚ ਬਹੁਤ ਮਿਹਨਤ ਹੈ। ਦੇਹ ਦੇ ਭਾਨ ਵਿੱਚ ਆਉਣ ਨਾਲ ਹੀ ਮਾਇਆ ਦੇ ਤੂਫਾਨ ਆਉਂਦੇ ਹਨ। ਇਹ ਦੇਹ - ਅਭਿਮਾਨ ਦਾ ਦਵਾਰ ਬੰਦ ਕਰ ਦਵੋ ਤਾਂ ਮਾਇਆ ਦੇ ਤੂਫ਼ਾਨ ਆਉਣਾ ਬੰਦ ਹੋ ਜਾਣਗੇ। ਇਹ ਦੇਹੀ - ਅਭਿਮਾਨੀ ਬਣਨ ਦੀ ਸਿੱਖਿਆ ਸਾਰੇ ਕਲਪ ਵਿੱਚ ਇਸ ਪੁਰਸ਼ੋਤਮ ਸੰਗਮਯੁਗ ਤੇ ਬਾਪ ਹੀ ਤੁਹਾਨੂੰ ਬੱਚਿਆਂ ਨੂੰ ਦਿੰਦੇ ਹਨ।

ਮਿੱਠੇ - ਮਿੱਠੇ ਸਿਕਿਲੱਧੇ ਬੱਚੇ ਤੁਸੀਂ ਜਾਣਦੇ ਹੋ ਹੁਣ ਅਸੀਂ ਨਰਕ ਤੋਂ ਕਿਨਾਰਾ ਛੱਡ ਅੱਗੇ ਜਾ ਰਹੇ ਹਾਂ, ਇਹ ਪੁਰਸ਼ੋਤਮ ਸੰਗਮਯੁਗ ਬਿਲਕੁਲ ਵੱਖ ਹੈ। ਵਿੱਚ ਦਰਿਆ ਦੇ (ਸਮੁੰਦਰ ਵਿੱਚ ) ਤੁਹਾਡੀ ਬੋਟ (ਕਿਸ਼ਤੀ) ਹੈ। ਤੁਸੀਂ ਨਾ ਸਤਿਯੁਗੀ ਹੋ, ਨਾ ਕਲਯੁਗੀ ਹੋ। ਤੁਸੀਂ ਹੋ ਪੁਰਸ਼ੋਤਮ ਸੰਗਮਯੁਗ ਸਰਵੋਤਮ ਬ੍ਰਾਹਮਣ। ਸੰਗਮਯੁਗ ਹੁੰਦਾ ਹੀ ਹੈ ਬ੍ਰਾਹਮਣਾਂ ਦਾ। ਬ੍ਰਾਹਮਣ ਹਨ ਚੋਟੀ। ਇਹ ਬ੍ਰਾਹਮਣਾਂ ਦਾ ਬਹੁਤ ਛੋਟਾ ਯੁਗ ਹੈ। ਇਹ ਇੱਕ ਹੀ ਜਨਮ ਦਾ ਯੁਗ ਹੁੰਦਾ ਹੈ। ਇਹ ਹੈ ਤੁਹਾਡੀ ਖੁਸ਼ੀ ਦਾ ਯੁਗ। ਖੁਸ਼ੀ ਕਿਸ ਗੱਲ ਦੀ ਹੈ? ਭਗਵਾਨ ਸਾਨੂੰ ਪੜ੍ਹਾਉਂਦੇ ਹਨ! ਅਜਿਹੇ ਸਟੂਡੈਂਟਸ ਨੂੰ ਕਿੰਨੀ ਖੁਸ਼ੀ ਹੋਵੇਗੀ! ਤੁਹਾਨੂੰ ਹੁਣ ਸਾਰੇ ਚਕ੍ਰ ਦਾ ਗਿਆਨ ਬੁੱਧੀ ਵਿੱਚ ਹੈ। ਹੁਣ ਅਸੀਂ ਸੋ ਬ੍ਰਾਹਮਣ ਹਾਂ ਫਿਰ ਅਸੀਂ ਸੋ ਦੇਵਤਾ ਬਣਾਂਗੇ। ਪਹਿਲਾਂ ਆਪਣੇ ਘਰ ਸਵੀਟ ਹੋਮ ਵਿੱਚ ਜਾਵਾਂਗੇ। ਫਿਰ ਨਵੀਂ ਦੁਨੀਆਂ ਵਿੱਚ ਆਵਾਂਗੇ। ਅਸੀਂ ਬ੍ਰਾਹਮਣ ਹੀ ਸਵਦਰਸ਼ਨ ਚੱਕਰਧਾਰੀ ਹਾਂ। ਅਸੀਂ ਹੀ ਇਹ ਬਾਜੋਲੀ ਖੇਡਦੇ ਹਾਂ। ਇਸ ਵਿਰਾਟ ਰੂਪ ਨੂੰ ਵੀ ਤੁਸੀਂ ਬ੍ਰਾਹਮਣ ਬੱਚੇ ਹੀ ਜਾਣਦੇ ਹੋ, ਬੁੱਧੀ ਵਿੱਚ ਸਾਰਾ ਦਿਨ ਇਹ ਗੱਲਾਂ ਸਿਮਰਨ ਹੋਣੀਆਂ ਚਾਹੀਦੀਆਂ ਹਨ। ਮਿੱਠੇ ਬੱਚੇ ਤੁਹਾਡਾ ਇਹ ਬਹੁਤ ਲਵਲੀ ਪਰਿਵਾਰ ਹੈ, ਤਾਂ ਤੁਸੀਂ ਹਰ ਇੱਕ ਨੂੰ ਬਹੁਤ - ਬਹੁਤ ਲਵਲੀ ਹੋਣਾ ਚਾਹੀਦਾ ਹੈ। ਬਾਪ ਵੀ ਮਿੱਠਾ ਹੈ ਤਾਂ ਬੱਚਿਆਂ ਨੂੰ ਵੀ ਅਜਿਹਾ ਮਿੱਠਾ ਬਨਾਉਂਦੇ ਹਨ। ਕਦੇ ਕਿਸੇ ਤੇ ਗੁੱਸੇ ਨਹੀਂ ਹੋਣਾ ਚਾਹੀਦਾ। ਮਨਸਾ ਵਾਚਾ ਕਰਮਨਾ ਕਿਸੇ ਨੂੰ ਦੁਖ ਨਹੀਂ ਦੇਣਾ ਹੈ। ਬਾਪ ਕਦੇ ਕਿਸੇ ਨੂੰ ਦੁੱਖ ਨਹੀਂ ਦਿੰਦੇ। ਜਿਨਾਂ ਬਾਪ ਨੂੰ ਯਾਦ ਕਰੋਗੇ ਉਤਨਾ ਮਿੱਠਾ ਬਣਦੇ ਜਾਵੋਗੇ। ਬੱਸ ਇਸ ਯਾਦ ਨਾਲ ਹੀ ਬੇੜਾ ਪਾਰ ਹੈ - ਇਹ ਹੈ ਯਾਦ ਦੀ ਯਾਤ੍ਰਾ। ਯਾਦ ਕਰਦੇ - ਕਰਦੇ ਵਾਇਆ ਸ਼ਾਂਤੀਧਾਮ ਸੁਖਧਾਮ ਜਾਣਾ ਹੈ। ਬਾਪ ਆਏ ਹੀ ਹਨ ਬੱਚਿਆਂ ਨੂੰ ਸਦਾ ਸੁਖੀ ਬਨਾਉਣ। ਭੂਤਾਂ ਨੂੰ ਭਜਾਉਣ ਦੀ ਯੁਕਤੀ ਬਾਪ ਦੱਸਦੇ ਹਨ ਮੈਨੂੰ ਯਾਦ ਕਰੋ ਤਾਂ ਇਹ ਭੂਤ ਨਿਕਲਦੇ ਜਾਣਗੇ। ਕਿਸੇ ਵੀ ਭੂਤ ਨੂੰ ਨਾਲ ਨਹੀਂ ਲੈ ਜਾਵੋ। ਕਿਸੇ ਵਿੱਚ ਭੂਤ ਹੈ ਤਾਂ ਇੱਥੇ ਹੀ ਮੇਰੇ ਕੋਲ ਛੱਡ ਜਾਵੋ। ਤੁਸੀਂ ਕਹਿੰਦੇ ਹੀ ਹੋ ਬਾਬਾ ਆਕੇ ਸਾਡੇ ਭੂਤਾਂ ਨੂੰ ਕੱਢ ਪਤਿਤ ਤੋਂ ਪਾਵਨ ਬਣਾਓ। ਤਾਂ ਬਾਪ ਕਿੰਨਾਂ ਗੁਲਗੁਲ ਬਨਾਉਂਦੇ ਹਨ। ਬਾਪ ਅਤੇ ਦਾਦਾ ਦੋਵੇਂ ਮਿਲਕੇ ਬੱਚਿਆਂ ਦਾ ਸ਼ਿੰਗਾਰ ਕਰਦੇ ਹਨ। ਮਾਤਾ - ਪਿਤਾ ਹੀ ਬੱਚਿਆਂ ਦਾ ਸ਼ਿੰਗਾਰ ਕਰਦੇ ਹਨ ਨਾ। ਉਹ ਹੈ ਹੱਦ ਦਾ ਬਾਪ - ਇਹ ਹੈ ਬੇਹੱਦ ਦਾ ਬਾਪ। ਤਾਂ ਬੱਚਿਆਂ ਨੂੰ ਬਹੁਤ ਪਿਆਰ ਨਾਲ ਚਲਣਾ ਅਤੇ ਚਲਾਉਣਾ ਹੈ। ਸਭ ਵਿਕਾਰਾਂ ਦਾ ਦਾਨ ਦੇ ਦੇਣਾ ਚਾਹੀਦਾ ਹੈ, ਦੇ ਦਾਨ ਤਾਂ ਛੁੱਟੇ ਗ੍ਰਹਿਣ। ਇਸ ਵਿੱਚ ਕਿਸੇ ਬਹਾਨੇ ਆਦਿ ਦੀ ਲੋੜ ਨਹੀਂ ਹੈ। ਪਿਆਰ ਨਾਲ ਤੁਸੀਂ ਕਿਸੇ ਨੂੰ ਵੀ ਵਸ਼ ਕਰ ਸਕਦੇ ਹੋ। ਪਿਆਰ ਨਾਲ ਸਮਝਾਉਣੀ ਦੇਵੋ, ਪਿਆਰ ਬਹੁਤ ਮਿੱਠੀ ਚੀਜ ਹੈ - ਸ਼ੇਰ ਨੂੰ, ਹਾਥੀ ਨੂੰ, ਜਾਨਵਰਾਂ ਨੂੰ ਵੀ ਮਨੁੱਖ ਪਿਆਰ ਨਾਲ ਵਸ਼ ਕਰ ਲੈਂਦੇ ਹਨ। ਉਹ ਤਾਂ ਫਿਰ ਵੀ ਆਸੁਰੀ ਮਨੁੱਖ ਹਨ। ਤੁਸੀਂ ਤਾਂ ਹੁਣ ਦੇਵਤੇ ਬਣ ਰਹੇ ਹੋ। ਤਾਂ ਦੈਵੀ ਗੁਣ ਧਾਰਨ ਕਰ ਬਹੁਤ - ਬਹੁਤ ਮਿੱਠਾ ਬਣਨਾ ਹੈ। ਇੱਕ - ਦੂਜੇ ਨੂੰ ਭਾਈ - ਭਾਈ ਅਤੇ ਭਾਈ - ਭੈਣ ਦੀ ਦ੍ਰਿਸ਼ਟੀ ਨਾਲ ਵੇਖੋ। ਆਤਮਾ, ਆਤਮਾ ਨੂੰ ਕਦੇ ਦੁਖ ਨਹੀਂ ਦੇ ਸਕਦੀ। ਬਾਪ ਕਹਿੰਦੇ ਹਨ ਮਿੱਠੇ ਬੱਚਿਓ ਮੈਂ ਤੁਹਾਨੂੰ ਸਵਰਗ ਦਾ ਰਾਜਭਾਗ ਦੇਣ ਆਇਆ ਹਾਂ। ਹੁਣ ਤੁਹਾਨੂੰ ਜੋ ਚਾਹੀਦਾ ਹੈ ਸਾਡੇ ਤੋਂ ਲੈ ਲਵੋ। ਅਸੀਂ ਤਾਂ ਵਿਸ਼ਵ ਦਾ ਮਾਲਿਕ ਡਬਲ ਸਿਰਤਾਜ ਤੁਹਾਨੂੰ ਬਨਾਉਣ ਆਏ ਹਾਂ। ਪਰੰਤੂ ਮਿਹਨਤ ਤੁਸੀਂ ਕਰਨੀ ਹੈ। ਮੈਂ ਕਿਸੇ ਤੇ ਤਾਜ ਨਹੀਂ ਰੱਖਾਂਗਾ। ਤੁਹਾਨੂੰ ਆਪਣੇ ਪੁਰਸ਼ਾਰਥ ਨਾਲ ਹੀ ਆਪਣੇ ਨੂੰ ਰਾਜਤਿਲਕ ਦੇਣਾ ਹੈ। ਬਾਪ ਪੁਰਸ਼ਾਰਥ ਦੀ ਯੁਕਤੀ ਦੱਸਦੇ ਹਨ ਕਿ ਇਵੇਂ - ਇਵੇਂ ਵਿਸ਼ਵ ਦਾ ਮਾਲਿਕ ਡਬਲ ਸਿਰਤਾਜ ਆਪਣੇ ਨੂੰ ਬਣਾ ਸਕਦੇ ਹੋ। ਪੜ੍ਹਾਈ ਤੇ ਪੂਰਾ ਧਿਆਨ ਦੇਵੋ। ਕਦੇ ਵੀ ਪੜ੍ਹਾਈ ਨੂੰ ਨਾ ਛੱਡੋ। ਕਿਸੇ ਵੀ ਕਾਰਨ ਨਾਲ ਰੁੱਸ ਕੇ ਪੜ੍ਹਾਈ ਨੂੰ ਛੱਡ ਦਿੱਤਾ ਤਾਂ ਬਹੁਤ - ਬਹੁਤ ਘਾਟਾ ਪੈ ਜਾਵੇਗਾ। ਘਾਟੇ ਅਤੇ ਫਾਇਦੇ ਨੂੰ ਵੇਖਦੇ ਰਹੋ। ਤੁਸੀਂ ਇਸ਼ਵਰੀਏ

ਯੂਨੀਵਰਸਿਟੀ ਦੇ ਸਟੂਡੈਂਟ ਹੋ, ਈਸ਼ਵਰ ਬਾਪ ਤੋਂ ਪੜ੍ਹ ਰਹੇ ਹੋ, ਪੜ੍ਹਕੇ ਪੂਜੀਏ ਦੇਵਤਾ ਬਣ ਰਹੇ ਹੋ। ਤਾਂ ਸਟੂਡੈਂਟ ਵੀ ਅਜਿਹਾ ਰੈਗੂਲਰ ਬਣਨਾ ਚਾਹੀਦਾ ਹੈ। ਸਟੂਡੈਂਟ ਲਾਈਫ ਇਜ਼ ਦਾ ਬੈਸਟ। ਜਿੰਨਾ ਪੜ੍ਹੋਗੇ ਪੜ੍ਹਾਓਗੇ ਅਤੇ ਮੈਨਰਜ ਸੁਧਰਣਗੇ ਉਤਨਾ ਹੀ ਦੀ ਬੈਸਟ ਬਣੋਗੇ।

ਮਿੱਠੇ ਬੱਚੇ ਹੁਣ ਤੁਹਾਡੀ ਰਿਟਰਨ ਜਰਨੀ ਹੈ, ਜਿਵੇਂ ਸਤਿਯੁਗ ਤੋਂ ਤ੍ਰੇਤਾ, ਦਵਾਪਰ, ਕਲਯੁਗ ਤੱਕ ਹੇਠਾਂ ਉੱਤਰਦੇ ਆਏ ਹੋ ਉਵੇਂ ਹੁਣ ਤੁਹਾਨੂੰ ਆਇਰਨ ਏਜ਼ ਤੋਂ ਉੱਪਰ ਗੋਲਡਨ ਏਜ਼ ਤੱਕ ਜਾਣਾ ਹੈ। ਜਦੋਂ ਸਿਲਵਰ ਏਜ਼ ਤੱਕ ਪਹੁੰਚੋਗੇ ਤਾਂ ਫਿਰ ਇਨ੍ਹਾਂ ਕਰਮਿੰਦਰੀਆਂ ਦੀ ਚੰਚਲਤਾ ਖ਼ਤਮ ਹੋ ਜਾਵੇਗੀ ਇਸਲਈ ਜਿੰਨਾਂ ਬਾਪ ਨੂੰ ਯਾਦ ਕਰੋਗੇ ਉਤਨਾ ਤੁਸੀਂ ਆਤਮਾਵਾਂ ਤੋਂ ਰਜੋ, ਤਮੋ ਦੀ ਕਟ ਨਿਕਲਦੀ ਜਾਵੇਗੀ ਅਤੇ ਜਿੰਨੀ ਕਟ ਨਿਕਲਦੀ ਜਾਵੇਗੀ ਉਤਨਾ ਬਾਪ ਚੁੰਬਕ ਦੇ ਵੱਲ ਕਸ਼ਿਸ਼ ਵੱਧਦੀ ਜਾਵੇਗੀ। ਕਸ਼ਿਸ਼ ਨਹੀਂ ਹੁੰਦੀ ਹੈ ਤਾਂ ਜਰੂਰ ਕਟ ਲੱਗੀ ਹੋਈ ਹੈ - ਕਟ ਇੱਕਦਮ ਨਿਕਲ ਪਿਓਰ ਸੋਨਾ ਬਣ ਜਾਵੇ ਉਹ ਹੈ ਅੰਤਿਮ ਕਰਮਾਤੀਤ ਅਵਸਥਾ।

ਤੁਹਾਨੂੰ ਗ੍ਰਹਿਸਥ ਵਿਵਹਾਰ ਵਿੱਚ ਪ੍ਰਵ੍ਰਿਤੀ ਵਿੱਚ ਰਹਿੰਦੇ ਵੀ ਕਮਲ ਪੁਸ਼ਪ ਸਮਾਨ ਬਣਨਾ ਹੈ। ਬਾਪ ਕਹਿੰਦੇ ਹਨ ਮਿੱਠੇ ਬੱਚੇ ਘਰ ਗ੍ਰਹਿਸਥ ਨੂੰ ਵੀ ਸੰਭਾਲੋ, ਸ਼ਰੀਰ ਨਿਰਵਾਹ ਅਰਥ ਕੰਮਕਾਜ ਵੀ ਕਰੋ। ਨਾਲ - ਨਾਲ ਇਹ ਪੜ੍ਹਾਈ ਵੀ ਪੜ੍ਹਦੇ ਰਹੋ। ਗਾਇਨ ਵੀ ਹੈ ਹੱਥ ਕਾਰ ਡੇ ਦਿਲ ਯਾਰ ਡੇ। ਕੰਮ ਕਾਜ ਕਰਦੇ ਇੱਕ ਮਾਸ਼ੂਕ ਬਾਪ ਨੂੰ ਯਾਦ ਕਰਨਾ ਹੈ। ਤੁਸੀਂ ਅਧਾਕਲਪ ਦੇ ਆਸ਼ਿਕ ਹੋ। ਨੋਧਾ ਭਗਤੀ ਵਿੱਚ ਵੀ ਵੇਖੋ ਕ੍ਰਿਸ਼ਨ ਆਦਿ ਨੂੰ ਕਿੰਨੇਂ ਪ੍ਰੇਮ ਨਾਲ ਯਾਦ ਕਰਦੇ ਹਨ। ਉਹ ਹੈ ਨੋਧਾ ਭਗਤੀ ਅਟਲ ਭਗਤੀ। ਕ੍ਰਿਸ਼ਨ ਦੀ ਅਟਲ ਯਾਦ ਰਹਿੰਦੀ ਹੈ ਪਰੰਤੂ ਉਸ ਨਾਲ ਕਿਸੇ ਨੂੰ ਮੁਕਤੀ ਨਹੀਂ ਮਿਲਦੀ। ਇਹ ਹੈ ਫਿਰ ਨਿਰੰਤਰ ਯਾਦ ਕਰਨ ਦਾ ਗਿਆਨ। ਬਾਪ ਕਹਿੰਦੇ ਹਨ ਮੈਨੂੰ ਪਤਿਤ - ਪਾਵਨ ਬਾਪ ਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਨਾਸ਼ ਹੋ ਜਾਣਗੇ, ਪਰ ਮਾਇਆ ਵੀ ਬਹੁਤ ਪਹਿਲਵਾਨ ਹੈ। ਕਿਸੇ ਨੂੰ ਛੱਡਦੀ ਨਹੀਂ ਹੈ। ਮਾਇਆ ਤੋਂ ਬਾਰ - ਬਾਰ ਹਾਰ ਖਾਣ ਤੋਂ ਤਾਂ ਕੰਧੇ ਹੇਠਾਂ ਕਰ ਬਾਰ - ਬਾਰ ਪਸ਼ਚਾਤਾਪ ਕਰਨਾ ਚਾਹੀਦਾ ਹੈ। ਬਾਪ ਮਿੱਠੇ ਬੱਚਿਆਂ ਨੂੰ ਸ੍ਰੇਸ਼ਠ ਮਤ ਦਿੰਦੇ ਹੀ ਹਨ ਸ੍ਰੇਸ਼ਠ ਬਣਨ ਦੇ ਲਈ। ਬਾਬਾ ਵੇਖਦੇ ਹਨ ਇਤਨੀ ਮਿਹਨਤ ਬੱਚੇ ਕਰਦੇ ਨਹੀਂ ਇਸਲਈ ਬਾਪ ਨੂੰ ਤਰਸ ਪੈਂਦਾ ਹੈ। ਜੇਕਰ ਇਹ ਅਭਿਆਸ ਹੁਣ ਨਹੀਂ ਕਰੋਗੇ ਤਾਂ ਸਜ਼ਾਵਾਂ ਬਹੁਤ ਖਾਣੀਆਂ ਪੈਣਗੀਆਂ ਅਤੇ ਕਲਪ - ਕਲਪ ਪਾਈ - ਪੈਸੇ ਦੀ ਪਦਵੀ ਪਾਉਂਦੇ ਰਹੋਗੇ।

ਮੂਲ ਗੱਲ ਮਿੱਠੇ ਬੱਚਿਆਂ ਨੂੰ ਬਾਪ ਸਮਝਾਉਂਦੇ ਹਨ ਦੇਹੀ - ਅਭਿਮਾਨੀ ਬਣੋਂ। ਦੇਹ ਸਹਿਤ ਦੇਹ ਦੇ ਸਭ ਸਬੰਧਾਂ ਨੂੰ ਭੁੱਲ ਮਾਮੇਕਮ ਯਾਦ ਕਰੋ, ਪਾਵਨ ਵੀ ਜਰੂਰ ਬਣਨਾ ਹੈ। ਕੁਮਾਰੀ ਜਦੋਂ ਪਵਿੱਤਰ ਹੈ ਤਾਂ ਸਭ ਉਸਨੂੰ ਮੱਥਾ ਟੇਕਦੇ ਹਨ। ਸ਼ਾਦੀ ਕਰਨ ਤੇ ਫਿਰ ਪੁਜਾਰੀ ਬਣ ਪੈਂਦੀ ਹੈ। ਸਭ ਦੇ ਅੱਗੇ ਮੱਥਾ ਝੁਕਾਉਣਾ ਪੈਂਦਾ ਹੈ। ਕੰਨਿਆਂ ਪਹਿਲਾਂ ਪੀਅਰ ਘਰ ਵਿੱਚ ਹੁੰਦੀ ਹੈ ਤਾਂ ਇੰਨੇ ਜ਼ਿਆਦਾ ਸਬੰਧ ਯਾਦ ਨਹੀਂ ਆਉਂਦੇ। ਸ਼ਾਦੀ ਦੇ ਬਾਦ ਦੇਹ ਦੇ ਸਬੰਧ ਵੀ ਵੱਧਦੇ ਜਾਂਦੇ ਹਨ ਫਿਰ ਪਤੀ ਬੱਚਿਆਂ ਵਿੱਚ ਮੋਹ ਵੱਧਦਾ ਜਾਂਦਾ ਹੈ। ਸੱਸ - ਸਸੁਰ ਸਭ ਯਾਦ ਆਉਂਦੇ ਰਹਿਣਗੇ। ਪਹਿਲਾਂ ਤਾਂ ਸਿਰਫ਼ ਮਾਂ - ਬਾਪ ਵਿੱਚ ਹੀ ਮੋਹ ਹੁੰਦਾ ਹੈ। ਇੱਥੇ ਤਾਂ ਫਿਰ ਉਨ੍ਹਾਂ ਸਭ ਸਬੰਧਾਂ ਨੂੰ ਭੁਲਾਉਣਾ ਪੈਂਦਾ ਹੈ ਕਿਉਂਕਿ ਇਹ ਇੱਕ ਹੀ ਤੁਹਾਡਾ ਸੱਚਾ - ਸੱਚਾ ਮਾਤਾ - ਪਿਤਾ ਹੈ ਨਾ। ਇਹ ਹੈ ਤੁਹਾਡਾ ਈਸ਼ਵਰੀਏ ਸਬੰਧ। ਗਾਉਂਦੇ ਵੀ ਹਨ ਤਵਮੇਵ ਮਾਤਾ ਚ ਪਿਤਾ ਤਵਮੇਵ... ਇਹ ਮਾਤ - ਪਿਤਾ ਤੇ ਤੁਹਾਨੂੰ ਵਿਸ਼ਵ ਦਾ ਮਾਲਿਕ ਬਨਾਉਂਦੇ ਹਨ ਨਾ ਇਸਲਈ ਬਾਪ ਕਹਿੰਦੇ ਹਨ ਮੈਨੂੰ ਬੇਹੱਦ ਦੇ ਬਾਪ ਨੂੰ ਨਿਰੰਨਤਰ ਯਾਦ ਕਰੋ ਹੋਰ ਕਿਸੇ ਵੀ ਦੇਹਧਾਰੀ ਨਾਲ ਮਮਤਵ ਨਾ ਰੱਖੋ। ਇਸਤਰੀ ਨੂੰ ਕਲਯੁਗੀ ਪਤੀ ਦੀ ਕਿੰਨੀ ਯਾਦ ਰਹਿੰਦੀ ਹੈ, ਉਹ ਤੇ ਗਟਰ ਵਿੱਚ ਸੁੱਟਦੇ ਹਨ।

ਇਹ ਬੇਹੱਦ ਦਾ ਬਾਪ ਤੇ ਤੁਹਾਨੂੰ ਸਵਰਗ ਵਿੱਚ ਲੈ ਜਾਂਦੇ ਹਨ। ਅਜਿਹੇ ਮਿੱਠੇ ਬਾਪ ਨੂੰ ਬਹੁਤ ਪਿਆਰ ਨਾਲ ਯਾਦ ਕਰਦੇ ਅਤੇ ਸਵਦਰਸ਼ਨ ਚਕ੍ਰ ਫਿਰਾਉਂਦੇ ਰਹੋ। ਇਸੇ ਯਾਦ ਦੇ ਬਲ ਨਾਲ ਹੀ ਤੁਹਾਡੀ ਆਤਮਾ ਕੰਚਨ ਬਣ ਸਵਰਗ ਦੀ ਮਾਲਿਕ ਬਣ ਜਾਵੇਗੀ। ਸਵਰਗ ਦਾ ਨਾਮ ਸੁਣਦੇ ਹੀ ਦਿਲ ਵਿੱਚ ਖੁਸ਼ੀ ਹੋ ਜਾਂਦੀ ਹੈ। ਜੋ ਨਿਰੰਤਰ ਯਾਦ ਕਰਦੇ ਅਤੇ ਹੋਰਾਂ ਨੂੰ ਵੀ ਯਾਦ ਕਰਵਾਉਂਦੇ ਰਹਿਣਗੇ ਉਹ ਹੀ ਉੱਚੀ ਪਦਵੀ ਪਾਉਣਗੇ। ਇਹ ਪੁਰਸ਼ਾਰਥ ਕਰਦੇ - ਕਰਦੇ ਅੰਤ ਵਿੱਚ ਤੁਹਾਡੀ ਉਹ ਅਵਸਥਾ ਜਮ ਜਾਵੇਗੀ। ਇਹ ਤਾਂ ਦੁਨੀਆਂ ਵੀ ਪੁਰਾਣੀ ਹੈ, ਦੇਹ ਵੀ ਪੁਰਾਣੀ ਹੈ। ਦੇਹ ਸਹਿਤ ਦੇਹ ਦੇ ਸਭ ਸਬੰਧ ਵੀ ਪੁਰਾਣੇ ਹਨ। ਉਨ੍ਹਾਂ ਸਭਨਾਂ ਤੋਂ ਬੁੱਧੀਯੋਗ ਹਟਾ ਇੱਕ ਬਾਪ ਦੇ ਸੰਗ ਜੋੜਨਾ ਹੈ, ਜੋ ਅੰਤਕਾਲ ਵੀ ਇੱਕ ਬਾਪ ਦੀ ਹੀ ਯਾਦ ਰਹੇ ਹੋਰ ਕਿਸੇ ਦਾ ਸਬੰਧ ਯਾਦ ਹੋਵੇਗਾ ਤਾਂ ਫਿਰ ਅੰਤ ਵਿੱਚ ਵੀ ਉਹ ਯਾਦ ਆ ਜਾਵੇਗਾ ਅਤੇ ਪਦਵੀ ਭ੍ਰਿਸ਼ਟ ਹੋ ਜਾਵੇਗੀ। ਅੰਤਕਾਲ ਜੋ ਬੇਹੱਦ ਦੇ ਬਾਪ ਦੀ ਯਾਦ ਵਿੱਚ ਰਹਿਣਗੇ ਉਹ ਹੀ ਨਰ ਤੋਂ ਨਾਰਾਇਣ ਬਣਨਗੇ। ਬਾਪ ਦੀ ਯਾਦ ਹੈ ਤਾਂ ਫਿਰ ਸ਼ਿਵਾਲਾ ਦੂਰ ਨਹੀਂ ਹੈ।

ਮਿੱਠੇ - ਮਿੱਠੇ ਸਿਕਿਲੱਧੇ ਬੱਚੇ ਬੇਹੱਦ ਦੇ ਬਾਪ ਕੋਲ ਆਉਂਦੇ ਹੀ ਹਨ ਰਿਫਰੇਸ਼ ਹੋਣ ਦੇ ਲਈ ਕਿਉਂਕਿ ਬੱਚੇ ਜਾਣਦੇ ਹਨ ਬੇਹੱਦ ਦੇ ਬਾਪ ਤੋਂ ਬੇਹੱਦ ਵਿਸ਼ਵ ਦੀ ਬਾਦਸ਼ਾਹੀ ਮਿਲਦੀ ਹੈ। ਇਹ ਕਦੇ ਭੁੱਲਣਾ ਨਹੀਂ ਚਾਹੀਦਾ। ਉਹ ਸਦਾ ਯਾਦ ਰਹੇ ਤਾਂ ਵੀ ਬੱਚਿਆਂ ਨੂੰ ਅਪਾਰ ਖੁਸ਼ੀ ਰਹੇ। ਇਹ ਬੈਜ ਚਲਦੇ - ਫਿਰਦੇ ਬਾਰ - ਬਾਰ ਵੇਖਦੇ ਰਹੋ। ਇੱਕਦਮ ਦਿਲ ਨਾਲ ਲਗਾ ਲਵੋ। ਓਹੋ! ਭਗਵਾਨ ਦੀ ਸ਼੍ਰੀਮਤ ਨਾਲ ਅਸੀਂ ਇਹ ਬਣ ਰਹੇ ਹਾਂ। ਬਸ ਬੈਜ ਨੂੰ ਵੇਖ ਉਨ੍ਹਾਂ ਨਾਲ ਪਿਆਰ ਕਰਦੇ ਰਹੋ। ਬਾਬਾ, ਬਾਬਾ ਕਰਦੇ ਰਹੋ ਤਾਂ ਸਦਾ ਯਾਦ ਰਹੇਗੀ। ਅਸੀਂ ਬਾਪ ਦਵਾਰਾ ਇਹ ਬਣਦੇ ਹਾਂ। ਬਾਪ ਦੀ ਸ਼੍ਰੀਮਤ ਤੇ ਚੱਲਣਾ ਚਾਹੀਦਾ ਹੈ ਨਾ। ਮਿੱਠੇ ਬੱਚਿਆਂ ਦੀ ਬੜੀ ਵਿਸ਼ਾਲ ਬੁੱਧੀ ਚਾਹੀਦੀ ਹੈ। ਸਾਰਾ ਦਿਨ ਸਰਵਿਸ ਦੇ ਹੀ ਖਿਆਲਾਤ ਚਲਦੇ ਰਹਿਣ। ਬਾਬਾ ਦੇ ਤਾਂ ਉਹ ਬੱਚੇ ਚਾਹੀਦੇ ਹਨ ਜੋ ਸਰਵਿਸ ਦੇ ਬਿਨਾਂ ਰਹਿ ਨਹੀਂ

ਸਕਣ। ਤੁਸੀਂ ਬੱਚਿਆਂ ਨੂੰ ਸਾਰੇ ਵਿਸ਼ਵ ਤੇ ਘੇਰਾਵ ਪਾਉਣਾ ਹੈ ਮਤਲਬ ਪਤਿਤ ਦੁਨੀਆਂ ਨੂੰ ਪਾਵਨ ਬਨਾਉਣਾ ਹੈ। ਸਾਰੇ ਵਿਸ਼ਵ ਨੂੰ ਦੁਖਧਾਮ ਤੋਂ ਸੁਖਧਾਮ ਬਨਾਉਣਾ ਹੈ। ਟੀਚਰ ਨੂੰ ਵੀ ਪੜ੍ਹਾਉਣ ਨਾਲ ਮਜ਼ਾ ਆਉਂਦਾ ਹੈ ਨਾ। ਤੁਸੀਂ ਤਾਂ ਹੁਣ ਬਹੁਤ ਉੱਚ ਟੀਚਰ ਬਣੇ ਹੋ। ਜਿੰਨਾਂ ਚੰਗਾ ਟੀਚਰ ਉਹ ਬਹੁਤਿਆਂ ਨੂੰ ਆਪ ਵਰਗਾ ਬਣਾਉਣਗੇ, ਕਦੇ ਥੱਕਣਗੇ ਨਹੀਂ। ਈਸ਼ਵਰੀਏ ਸਰਵਿਸ ਵਿੱਚ ਬਹੁਤ ਖੁਸ਼ੀ ਰਹਿੰਦੀ ਹੈ। ਬਾਪ ਦੀ ਮਦਦ ਮਿਲਦੀ ਹੈ। ਇਹ ਬਹੁਤ ਵੱਡਾ ਬੇਹੱਦ ਦਾ ਵਪਾਰ ਵੀ ਹੈ, ਵਪਾਰੀ ਲੋਕ ਵੀ ਧਨਵਾਨ ਬਣਦੇ ਹਨ। ਉਹ ਇਸ ਗਿਆਨ ਮਾਰਗ ਵਿੱਚ ਵੀ ਜ਼ਿਆਦਾ ਉਛਲੱਦੇ ਹਨ। ਬਾਪ ਵੀ ਬੇਹੱਦ ਦਾ ਵਪਾਰੀ ਹੈ ਨਾ। ਸੌਦਾ ਬਹੁਤ ਫਸਟਕਲਾਸ ਹੈ ਪਰੰਤੂ ਇਸ ਵਿੱਚ ਬਹੁਤ ਸਾਹਸ ਧਾਰਨ ਕਰਨਾ ਪੈਂਦਾ ਹੈ। ਨਵੇਂ - ਨਵੇਂ ਬੱਚੇ ਪੁਰਾਣਿਆਂ ਤੋਂ ਵੀ ਪੁਰਸ਼ਾਰਥ ਵਿੱਚ ਅੱਗੇ ਜਾ ਸਕਦੇ ਹਨ। ਹਰ ਇੱਕ ਦੀ ਇੰਡਿਵਜ਼ੁਅਲ ਤਕਦੀਰ ਹੈ, ਤਾਂ ਪੁਰਸ਼ਾਰਥ ਵੀ ਹਰ ਇੱਕ ਨੂੰ ਇਨਡਵਿਜ਼ੁਅਲ ਕਰਨਾ ਹੈ। ਆਪਣੀ ਪੂਰੀ ਚੈਕਿੰਗ ਕਰਨੀ ਚਾਹੀਦੀ ਹੈ। ਅਜਿਹੀ ਚੈਕਿੰਗ ਕਰਨ ਵਾਲੇ ਇੱਕਦਮ ਰਾਤ - ਦਿਨ ਪੁਰਸ਼ਾਰਥ ਵਿੱਚ ਲੱਗ ਜਾਣਗੇ, ਕਹਿਣਗੇ ਅਸੀਂ ਆਪਣਾ ਟਾਈਮ ਵੇਸਟ ਕਿਉਂ ਕਰੀਏ। ਜਿੰਨਾਂ ਹੋ ਸਕੇ ਟਾਈਮ ਸਫਲ ਕਰੀਏ। ਆਪਣੇ ਨਾਲ ਪੱਕਾ ਪ੍ਰਣ ਕਰ ਦਿੰਦੇ ਹਨ, ਅਸੀਂ ਬਾਪ ਨੂੰ ਕਦੇ ਨਹੀਂ ਭੁੱਲਾਂਗੇ। ਸਕਾਲਰਸ਼ਿਪ ਲੈਕੇ ਹੀ ਛੱਡਾਂਗੇ। ਅਜਿਹੇ ਬੱਚਿਆਂ ਨੰ ਫਿਰ ਮਦਦ ਵੀ ਮਿਲਦੀ ਹੈ। ਅਜਿਹੇ ਵੀ ਨਵੇਂ - ਨਵੇਂ ਪੁਰਸ਼ਾਰਥੀ ਬੱਚੇ ਤੁਸੀਂ ਵੇਖੋਗੇ। ਸਾਖਸ਼ਤਕਾਰ ਕਰਦੇ ਰਹਿਣਗੇ। ਜਿਵੇਂ ਸ਼ੁਰੂ ਵਿੱਚ ਹੋਇਆ ਉਹ ਹੀ ਫਿਰ ਪਿਛਾੜੀ ਵਿੱਚ ਵੇਖੋਗੇ। ਜਿੰਨਾਂ ਨੇੜ੍ਹੇ ਹੁੰਦੇਂ ਜਾਵੋਗੇ ਉਨਾਂ ਖੁਸ਼ੀ ਵਿੱਚ ਨੱਚਦੇ ਰਹੋਗੇ। ਓਧਰ ਖੂਨੇ ਨਾਹਕ ਖੇਲ੍ਹ ਵੀ ਚਲਦਾ ਰਹੇਗਾ।

ਤੁਸੀਂ ਬੱਚਿਆਂ ਦੀ ਈਸ਼ਵਰੀਏ ਰੇਸ ਚੱਲ ਰਹੀ ਹੈ, ਜਿੰਨਾਂ ਅੱਗੇ ਦੋੜਦੇ ਜਾਵੋਗੇ ਉਤਨੇ ਨਵੀਂ ਦੁਨੀਆਂ ਦੇ ਨਜ਼ਾਰੇ ਵੀ ਨੇੜ੍ਹੇ ਆਉਂਦੇ ਜਾਣਗੇ, ਖੁਸ਼ੀ ਵੱਧਦੀ ਜਾਵੇਗੀ। ਜਿੰਨ੍ਹਾਂਨੂੰ ਨਜ਼ਾਰੇ ਨੇੜ੍ਹੇ ਨਹੀਂ ਵਿਖਾਈ ਪੈਂਦੇ ਉਨ੍ਹਾਂਨੂੰ ਖੁਸ਼ੀ ਵੀ ਨਹੀਂ ਹੋਵੇਗੀ। ਹੁਣ ਤਾਂ ਕਲਯੁਗੀ ਦੁਨੀਆਂ ਤੋਂ ਵੈਰਾਗ ਅਤੇ ਸਤਿਯੁਗੀ ਦੁਨੀਆਂ ਨਾਲ ਬਹੁਤ ਪਿਆਰ ਹੋਣਾ ਚਾਹੀਦਾ ਹੈ। ਸ਼ਿਵਬਾਬਾ ਯਾਦ ਰਹੇਗਾ ਤਾਂ ਸਵਰਗ ਦਾ ਵਰਸਾ ਵੀ ਯਾਦ ਰਹੇਗਾ। ਸਵਰਗ ਦਾ ਵਰਸਾ ਯਾਦ ਰਹੇਗਾ ਤਾਂ ਸ਼ਿਵਬਾਬਾ ਵੀ ਯਾਦ ਰਹੇਗਾ। ਤੁਸੀਂ ਬੱਚੇ ਜਾਣਦੇ ਹੋ ਹੁਣ ਅਸੀਂ ਸਵਰਗ ਵਲ ਜਾ ਰਹੇ ਹਾਂ, ਪੈਰ ਨਰਕ ਵੱਲ ਹਨ, ਸਿਰ ਸਵਰਗ ਵੱਲ ਹੈ। ਹੁਣ ਤਾਂ ਛੋਟੇ - ਵੱਡੇ ਸਭ ਦੀ ਵਾਨ ਪ੍ਰਸਥ ਅਵਸਥਾ ਹੈ। ਬਾਬਾ ਨੂੰ ਸਦਾ ਇਹ ਨਸ਼ਾ ਰਹਿੰਦਾ ਹੈ ਓਹੋ! ਮੈਂ ਜਾਕੇ ਇਹ ਬਾਲ ਕ੍ਰਿਸ਼ਨ ਬਣਾਂਗੇ, ਜਿਸ ਦੇ ਲਈ ਇਨ ਅਡਵਾਂਸ ਸੌਗਾਤਾਂ ਵੀ ਭੇਜਦੇ ਰਹਿੰਦੇ ਹਨ। ਜਿੰਨ੍ਹਾਂਨੂੰ ਪੂਰਾ ਨਿਸ਼ਚੇ ਰਹਿੰਦਾ ਹੈ ਉਹ ਹੀ ਗੋਪਿਕਾਵਾਂ ਸੌਗਾਤਾਂ ਭੇਜਦੀਆਂ ਹਨ, ਉਨ੍ਹਾਂਨੂੰ ਅਤਿੰਦਰਿੰਏ ਸੁਖ ਦੀ ਭਾਸਨਾ ਆਉਂਦੀ ਹੈ। ਅਸੀਂ ਹੀ ਅਮਰਲੋਕ ਵਿੱਚ ਦੇਵਤਾ ਬਣਾਂਗੇ। ਕਲਪ ਪਹਿਲੋਂ ਵੀ ਅਸੀਂ ਹੀ ਬਣੇ ਸੀ। ਫਿਰ ਅਸੀਂ 84 ਪੁੰਨਰਜਨਮ ਲੀਤੇ ਹਨ। ਇਹ ਬਾਜੋਲੀ ਯਾਦ ਰਹੇ ਤਾਂ ਵੀ ਅਹੋ ਸੌਭਾਗਿਆ - ਸਦਾ ਅਥਾਹ ਖੁਸ਼ੀ ਵਿੱਚ ਰਹੋ। ਬਹੁਤ ਵੱਡੀ ਲਾਟਰੀ ਮਿਲ ਰਹੀ ਹੈ। 5000 ਵਰ੍ਹੇ ਪਹਿਲੋਂ ਵੀ ਅਸੀਂ ਰਾਜਭਾਗ ਲੀਤਾ ਸੀ ਫਿਰ ਕਲ ਪਾਵਾਂਗੇ। ਡਰਾਮਾ ਵਿੱਚ ਨੂੰਧ ਹੈ। ਜਿਵੇਂ ਕਲਪ ਪਹਿਲੋਂ ਜਨਮ ਲਿਆ ਸੀ ਉਵੇਂ ਹੀ ਲਵਾਂਗੇ, ਉਹ ਹੀ ਸਾਡੇ ਮਾਂ - ਬਾਪ ਹੋਣਗੇ। ਜੋ ਕ੍ਰਿਸ਼ਨ ਦਾ ਬਾਪ ਸੀ ਉਹ ਹੀ ਫਿਰ ਬਣੇਗਾ। ਇਵੇਂ - ਇਵੇਂ ਜੋ ਸਾਰਾ ਦਿਨ ਵਿਚਾਰ ਕਰਦੇ ਰਹਿਣਗੇ ਤਾਂ ਉਹ ਬਹੁਤ ਰਮਣੀਕਤਾ ਵਿੱਚ ਰਹਿਣਗੇ। ਵਿਚਾਰ ਸਾਗਰ ਮੰਥਨ ਨਹੀਂ ਕਰਦੇ ਤਾਂ ਗੋਇਆ ਅਨਹੇਲਦੀ ਹਨ। ਗਾਂ ਭੋਜਨ ਖਾਂਦੀ ਹੈ ਤਾਂ ਸਾਰਾ ਦਿਨ ਉਗਾਰਦੀ ਰਹਿੰਦੀ ਹੈ। ਮੂੰਹ ਚਲਦਾ ਹੀ ਰਹਿੰਦਾ ਹੈ। ਮੂੰਹ ਨਾ ਚੱਲੇ ਤਾਂ ਸਮਝਿਆ ਜਾਂਦਾ ਹੈ ਬੀਮਾਰ ਹੈ, ਇਹ ਵੀ ਇਵੇਂ ਹੀ ਹੈ।

ਬੇਹੱਦ ਦਾ ਬਾਪ ਅਤੇ ਦਾਦਾ ਦੋਵਾਂ ਦਾ ਮਿੱਠੇ - ਮਿੱਠੇ ਬੱਚਿਆਂ ਨਾਲ ਬਹੁਤ ਲਵ ਹੈ, ਕਿੰਨੇਂ ਪਿਆਰ ਨਾਲ ਪੜ੍ਹਾਉਂਦੇ ਹਨ। ਕਾਲੇ ਤੋਂ ਗੋਰਾ ਬਨਾਉਂਦੇ ਹਨ। ਤਾਂ ਬੱਚਿਆਂ ਨੂੰ ਵੀ ਖੁਸ਼ੀ ਦਾ ਪਾਰਾ ਚੜ੍ਹਨਾ ਚਾਹੀਦਾ ਹੈ। ਪਾਰਾ ਚੜ੍ਹੇਗਾ ਯਾਦ ਦੀ ਯਾਤ੍ਰਾ ਨਾਲ। ਬਾਪ ਕਲਪ - ਕਲਪ ਬਹੁਤ ਪਿਆਰ ਨਾਲ ਲਵਲੀ ਸਰਵਿਸ ਕਰਦੇ ਹਨ। 5 ਤੱਤਵਾਂ ਸਹਿਤ ਸਭ ਨੂੰ ਪਾਵਨ ਬਨਾਉਂਦੇ ਹਨ। ਕਿੰਨੀ ਵੱਡੀ ਬੇਹੱਦ ਦੀ ਸੇਵਾ ਹੈ।। ਬਾਪ ਬਹੁਤ ਪਿਆਰ ਨਾਲ ਬੱਚਿਆਂ ਨੂੰ ਸਿੱਖਿਆ ਵੀ ਦਿੰਦੇ ਰਹਿੰਦੇ ਹਨ ਕਿਉਂਕਿ ਬੱਚਿਆਂ ਨੂੰ ਸੁਧਾਰਨਾ ਬਾਪ ਜਾਂ ਟੀਚਰ ਦਾ ਹੀ ਕੰਮ ਹੈ। ਬਾਪ ਦੀ ਹੈ ਸ਼੍ਰੀਮਤ, ਜਿਸ ਨਾਲ ਹੀ ਸ੍ਰੇਸ਼ਠ ਬਣਨਗੇ। ਜਿੰਨਾਂ ਪਿਆਰ ਨਾਲ ਯਾਦ ਕਰਨਗੇ ਉਨਾਂ ਸ੍ਰੇਸ਼ਠ ਬਣਨਗੇ। ਇਹ ਵੀ ਚਾਰਟ ਵਿੱਚ ਲਿਖਣਾ ਚਾਹੀਦਾ ਹੈ ਅਸੀਂ ਸ਼੍ਰੀਮਤ ਤੇ ਚਲਦੇ ਹਾਂ ਜਾਂ ਆਪਣੀ ਮੱਤ ਤੇ ਚਲਦੇ ਹਾਂ? ਸ਼੍ਰੀਮਤ ਤੇ ਚੱਲਣ ਨਾਲ ਹੀ ਤੁਸੀਂ ਐਕੁਰੇਟ ਬਣੋਗੇ। ਅੱਛਾ-

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੇ ਆਪ ਨਾਲ ਪ੍ਰਣ ਕਰਨਾ ਹੈ ਕਿ ਅਸੀਂ ਆਪਣਾ ਟਾਈਮ ਵੇਸਟ ਨਹੀਂ ਕਰਾਂਗੇ। ਸੰਗਮ ਦਾ ਹਰ ਪਲ ਸਫਲ ਕਰਾਂਗੇ। ਅਸੀਂ ਬਾਬਾ ਨੂੰ ਕਦੇ ਨਹੀਂ ਭੁੱਲਾਂਗੇ। ਸਕਾਲਰਸ਼ਿਪ ਲੈਕੇ ਹੀ ਰਹਾਂਗੇ।

2. ਸਦਾ ਸਮ੍ਰਿਤੀ ਰਹੇ ਕਿ ਹੁਣ ਸਾਡੀ ਵਾਨਪ੍ਰਸਥ ਅਵਸਥਾ ਹੈ। ਪੈਰ ਨਰਕ ਵਲ, ਸਿਰ ਸਵਰਗ ਵਲ ਹੈ। ਬਾਜੋਲੀ ਨੂੰ ਯਾਦ ਕਰ ਅਥਾਹ ਖੁਸ਼ੀ ਵਿੱਚ ਰਹਿਣਾ ਹੈ। ਦੇਹੀ - ਅਭਿਮਾਨੀ ਬਣਨ ਦੀ ਮਿਹਨਤ ਕਰਨੀ ਹੈ।

ਵਰਦਾਨ:- ਆਪਣੇ ਸਰਵਸ੍ਰੇਸ਼ਠ ਪੁਜੀਸ਼ਨ ਦੀ ਖੁਮਾਰੀ ਦ੍ਵਾਰਾ ਅਨੇਕ ਆਤਮਾਵਾਂ ਦਾ ਕਲਿਆਣ ਕਰਨ ਵਾਲੇ ਅਥਾਰਟੀ ਸਵਰੂਪ ਭਵ।

ਅਸੀਂ ਆਲਮਾਇਟੀ ਅਥਾਰਟੀ ਦੇ ਬੱਚੇ ਹਾਂ - ਇਹ ਹੈ ਸਰਵਸ੍ਰੇਸ਼ਠ ਪੁਜੀਸ਼ਨ, ਇਸ ਪੁਜੀਸ਼ਨ ਦੀ ਖੁਮਾਰੀ ਵਿਚ ਰਹੋ ਤਾਂ ਮਾਇਆ ਦੀ ਅਧੀਨਤਾ ਸਮਾਪਤ ਹੋ ਜਾਵੇਗੀ। ਇਸੇ ਅਥਾਰਟੀ ਦਾ ਸਵਰੂਪ ਬਣ ਨਾਲ ਕਿਸੇ ਵੀ ਆਤਮਾ ਦਾ ਕਲਿਆਣ ਕਰ ਸਕਦੇ ਹੋ। ਜੋ ਸਦਾ ਇਸ ਖੁਮਾਰੀ ਵਿਚ ਰਹਿੰਦੇ ਹਨ ਉਹ ਸਦਾਕਾਲ ਦਾ ਰਾਜ ਭਾਗ ਪ੍ਰਾਪਤ ਕਰਦੇ ਹਨ। ਇਹ ਹੀ ਅਥਾਰਟੀ ਸਦਾ ਕਾਇਮ ਰੱਖੀ ਤਾਂ ਵਿਸ਼ਵ ਤੁਹਾਡੇ ਅੱਗੇ ਝੁਕੇਗਾ, ਤੁਸੀ ਕਿਸੇ ਦੇ ਅੱਗੇ ਝੁਕ ਨਹੀਂ ਸਕਦੇ।

ਸਲੋਗਨ:- ਕਰਾਵਨਹਾਰ ਬਾਪ ਦੀ ਸਮ੍ਰਿਤੀ ਨਾਲ ਮੈਂਪਨ ਨੂੰ ਸਮਾਪਤ ਕਰੋ।

******

ਇਹ ਅਵਿਅਕਤ ਇਸ਼ਾਰੇ :- ਮਹਾਨ ਬਣਨ ਦੇ ਲਈ ਮਧੁਰਤਾ ਅਤੇ ਨਿਮਰਤਾ ਦਾ ਗੁਣ ਧਾਰਨ ਕਰੋ।

ਮਧੁਰਤਾ ਦਵਾਰਾ ਬਾਪ ਦੀ ਸਮੀਪਤਾ ਦਾ ਸਾਖਸ਼ਾਤਕਾਰ ਕਰਵਾਓ। ਤੁਹਾਡੇ ਸੰਕਲਪ ਵਿਚ ਵੀ ਮਧੁਰਤਾ, ਬੋਲ ਵਿਚ ਵੀ ਮਧੁਰਤਾ, ਕਰਮ ਵਿਚ ਵੀ ਮਧੁਰਤਾ ਹੋਵੇ - ਇਹ ਹੀ ਬਾਪ ਦੀ ਸਮੀਪਤਾ ਹੈ ਇਸਲਈ ਬਾਪ ਵੀ ਰੋਜ ਕਹਿੰਦੇ ਹਨ - ‘ ਮਿੱਠੇ - ਮਿੱਠੇ ਬੱਚਿਓ’’ ਅਤੇ ਬੱਚੇ ਵੀ ਰਿਸਪੌਂਡ ਕਰਦੇ ਹਨ - ‘ ਮਿੱਠੇ - ਮਿੱਠੇ ਬਾਬਾ’। ਇਹ ਰੋਜ਼ ਦਾ ਮਧੁਰਤਾ ਦਾ ਬੋਲ ਮਧੁਰ ਬਣਾ ਦਿੰਦਾ ਹੈ।